# ਪ੍ਰੈਸ ਨੋਟ

ਸ੍ਰੀ ਬੀ.ਕੇ. ਉਪਲ, ਆਈ.ਪੀ.ਐਸ., ਮੁੱਖ ਡਾਇਰੈਕਟਰ, ਵਿਜੀਲੈਂਸ ਬਿਊਰੋ, ਪੰਜਾਬ-ਚੰਡੀਗੜ੍ਹ ਜੀ ਵੱਲੋਂ ਮਿਲੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਅੱਜ ਮਿਤੀ 19-03-2018 ਨੂੰ ਸਵੇਰੇ 10:00 ਵਜੇ ਪਟਿਆਲਾ ਰੇਂਜ, ਪਟਿਆਲਾ ਦੇ ਐਸ.ਐਸ.ਪੀ., ਸ੍ਰੀ ਜਸਪ੍ਰੀਤ ਸਿੰਘ ਸਿੱਧੂ, ਆਈ.ਪੀ.ਐਸ. ਵੱਲੋਂ ਸਾਲ 2014 ਤੋਂ ਸਾਲ 2018 ਤੱਕ ਵੱਖ-ਵੱਖ ਮੁਕੱਦਮਿਆਂ (ਟਰੈਪ ਕੇਸਾਂ) ਦੇ ਮੁਦੱਈ, ਸ਼ੈਡੋ ਗਵਾਹਾਂ ਨਾਲ ਸਾਂਝੀ ਮੀਟਿੰਗ ਕੀਤੀ ਗਈ। ਮੀਟਿੰਗ ਵਿੱਚ ਲਗਭਗ 75 ਦੇ ਕਰੀਬ ਵੱਖ-ਵੱਖ ਮੁਕੱਦਮਿਆਂ ਦੇ ਮੁਦੱਈ/ਸ਼ੈਡੋ ਗਵਾਹਾਂ ਨੇ ਹਿੱਸਾ ਲਿਆ।ਜਿਨ੍ਹਾਂ ਵੱਲੋਂ ਆਪਣੀਆਂ-ਆਪਣੀਆਂ ਹੇਠ ਲਿਖੇ ਅਨੁਸਾਰ ਦੁੱਖ-ਤਕਲੀਫ਼ਾਂ ਦੱਸੀਆਂ ਗਈਆਂ ਜਿਵੇਂਕਿ :-

1. ਮੁਦੱਈ ਅਤੇ ਸ਼ੈਡੋ ਗਵਾਹ ਜਦੋਂ ਵੀ ਸਬੰਧਤ ਵਿਭਾਗ ਦੇ ਦਫਤਰ ਵਿਚ ਜਾਂਦੇ ਹਨ ਤਾਂ ਉਹਨਾਂ ਦਾ ਕੋਈ ਵੀ ਕੰਮ ਸਹੀ ਢੰਗ ਨਹੀਂ ਕੀਤਾ ਜਾਂਦਾ, ਸਗੋਂ ਲਾਰੇ ਹੀ ਲਗਾਏ ਜਾਂਦੇ ਹਨ ਕਿਉਂਕਿ ਕਈ ਵਾਰ ਦੋਸ਼ੀ ਜ਼ਮਾਨਤ ਤੋਂ ਬਾਅਦ ਉਸੇ ਦਫਤਰ ਵਿਚ ਤਾਇਨਾਤ ਹੋ ਜਾਂਦਾ ਹੈ।
2. ਦੋਸ਼ੀ ਦੇ ਸਾਥੀ ਕਰਮਚਾਰੀਆਂ ਵੀ ਮੁਦੱਈ ਅਤੇ ਸ਼ੈਡੋ ਦੀ ਕੋਈ ਵੀ ਮੱਦਦ ਨਹੀਂ ਕਰਦੇ।
3. ਦੋਸ਼ੀਆਂ ਵੱਲੋਂ ਮੁਦੱਈ ਅਤੇ ਸ਼ੈਡੋ ਗਵਾਹ ਨੂੰ ਆਪਣੇ ਹੱਕ ਵਿਚ ਮਾਨਯੋਗ ਅਦਾਲਤ ਵਿਖੇ ਗਵਾਹੀ ਦੇਣ ਜਾਂ ਰਾਜੀਨਾਮਾ ਕਰਨ ਲਈ ਦਬਾਅ ਪਾਇਆ ਜਾਂਦਾ ਹੈ।
4. ਦੋਸ਼ੀ ਦੀ ਪ੍ਰਾਸੀਕਿਊਸ਼ਨ ਸੈਕਸ਼ਨ ਦੇਰੀ ਨਾਲ ਮਿਲਣ ਕਰਕੇ ਮਾਨਯੋਗ ਅਦਾਲਤ ਵਿਖੇ ਚਲਾਨ ਦੇਣ ਵਿਚ ਦੇਰੀ ਹੋ ਜਾਂਦੀ ਹੈ, ਜਿਸ ਕਾਰਨ ਮੁਦੱਈ ਅਤੇ ਸ਼ੈਡੋ ਗਵਾਹ ਦਾ ਮਨੋਬਲ ਡਿੱਗ ਜਾਂਦਾ ਹੈ।
5. ਖ਼ਾਸ ਕਰਕੇ ਪੁਲਿਸ ਦਾ ਟਰੈਪ ਕਰਵਾਉਣ ਤੋਂ ਬਾਅਦ ਮੁਦੱਈ ਅਤੇ ਸ਼ੈਡੋ ਗਵਾਹ ਨੂੰ ਗਵਾਹੀ ਤੋਂ ਮੁਕੱਰਨ ਲਈ ਉਨ੍ਹਾਂ ਤੇ ਝੂਠੇ ਮੁਕੱਦਮੇ ਦਰਜ ਕਰਨ ਦਾ ਡਰ ਪਾਇਆ ਜਾਂਦਾ ਹੈ।

ਉਪਰੋਕਤ ਮੀਟਿੰਗ ਦੌਰਾਨ ਨਿਮਨ ਹਸਤਾਖ਼ਰ ਵੱਲੋਂ ਮੁਦੱਈ ਅਤੇ ਸ਼ੈਡੋ ਗਵਾਹ ਦੀਆਂ ਦੁੱਖ ਤਕਲੀਫ਼ਾਂ ਨੂੰ ਧਿਆਨ ਨਾਲ ਸੁਣਿਆ ਗਿਆ, ਕਈ ਸਮੱਸਿਆਂ ਦਾ ਮੌਕਾ ਪਰ ਹੀ ਨਿਪਟਾਰਾ ਕੀਤਾ ਗਿਆ ਅਤੇ ਕਈ ਸਮੱਸਿਆਂ ਨੂੰ ਸਬੰਧਤਾਂ ਇੰਸਪੈਕਟਰਜ਼/ਡੀ.ਐਸ.ਪੀਜ਼ ਪਾਸ ਜਲਦੀ ਕੰਮ ਕਰਨ ਲਈ ਨੋਟ ਕਰਵਾਇਆ ਗਿਆ। ਇਸ ਤੋਂ ਇਲਾਵਾ ਮੁਦੱਈ ਅਤੇ ਸ਼ੈਡੋ ਗਵਾਹਾਂ ਨੂੰ ਆਪਣੀ-ਆਪਣੀ ਟਰੈਪ ਮਨੀ ਵਾਪਸ ਲੈਣ ਲਈ ਮੁੱਖ ਦਫਤਰ ਦੀਆਂ ਹਦਾਇਤਾਂ ਬਾਰੇ ਵੀ ਜਾਣੂੰ ਕਰਵਾਇਆ ਗਿਆ। ਇਸ ਮੀਟਿੰਗ ਵਿਚ ਨਿਮਨ ਹਸਤਾਖ਼ਰ ਤੋਂ ਇਲਾਵਾ ਸ੍ਰੀ ਕੇ.ਡੀ. ਸ਼ਰਮਾ, ਸ੍ਰੀ ਲਖਬੀਰ ਸਿੰਘ ਡੀ.ਐਸ.ਪੀ., ਵਬ, ਪਟਿਆਲਾ, ਇੰਸਪੈਕਟਰਜ਼ ਅਤੇ ਹੋਰ ਸਟਾਫ਼ ਨੇ ਸ਼ਿਰਕਤ ਕੀਤੀ।